# ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ (SFCR)

## ਭਾਗ 6, ਡਿਵੀਜ਼ਨ 6 - ਤਾਜ਼ੇ ਫਲ ਅਤੇ ਸਬਜ਼ੀਆਂ

**ਉਪਡਿਵੀਜ਼ਨ C - ਭੋਜਨ ਅਤੇ ਸਬਜ਼ੀ ਸੰਬੰਧੀ ਵਿਵਾਦ ਨਿਪਟਾਰਾ ਕਾਰਪੋਰੇਸ਼ਨ (Fruit and Vegetable Dispute Resolution Corporation) ਵਿੱਚ ਮੈਂਬਰਸ਼ਿਪ ਲਈ ਨਿਯਾਮਕ ਲੋੜ**

| | |
|---|---|
| **ਕਾਸ਼ਤਕਾਰ, ਸ਼ਿਪਰ, ਪੈਕਰ** | |
| **ਪਰਿਭਾਸ਼ਾਵਾਂ** | |
| **ਕਾਸ਼ਤਕਾਰ** | ਕੋਈ ਵਿਅਕਤੀ ਜੋ ਤਾਜ਼ੇ ਫਲ ਅਤੇ ਸਬਜ਼ੀਆਂ ਉਗਾਉਂਦਾ ਹੈ। |
| **ਸ਼ਿੱਪਰ** | ਇਸ ਵਿੱਚ ਕੋਈ ਕਾਸ਼ਤਕਾਰ ਸ਼ਾਮਲ ਹੋ ਸਕਦਾ ਹੈ ਜੋ ਸ਼ਿਪਿੰਗ ਵਾਲੀ ਥਾਂ 'ਤੇ ਕੰਮਕਾਜ ਕਰਦਾ ਹੈ ਅਤੇ ਜਾਂ ਤਾਂ ਤਾਜ਼ੇ ਫਲਾਂ ਅਤੇ ਸਬਜ਼ੀਆਂ ਦੇ ਕਾਰੋਬਾਰ ਵਿੱਚ ਸ਼ਾਮਲ ਹੈ ਜੋ ਉਹਨਾਂ ਨੇ ਖੁਦ ਉਗਾਏ ਹਨ ਜਾਂ ਕਾਸ਼ਤਕਾਰਾਂ ਸਮੇਤ, ਦੂਜਿਆਂ ਤੋਂ ਖਰੀਦੇ ਹਨ, ਅਤੇ ਅਜਿਹੀ ਉਪਜ ਨੂੰ ਮੁੜ ਵੇਚ ਰਾਹੀਂ ਜਾਂ ਹੋਰਨਾਂ ਤਰੀਕਿਆਂ ਰਾਹੀਂ ਵਪਾਰ ਵਿੱਚ ਵੰਡਣ ਦੇ ਕਾਰੋਬਾਰ ਵਿੱਚ ਸ਼ਾਮਲ ਹੈ, ਜਾਂ ਜੋ ਹੋਰਨਾਂ ਨਾਲ ਸਾਂਝੇ ਖਾਤੇ 'ਤੇ ਅਜਿਹੀ ਉਪਜ (ਤਾਜ਼ੇ ਫਲ ਅਤੇ ਸਬਜ਼ੀਆਂ) ਨਾਲ ਕੰਮ ਕਰਦਾ ਹੈ। |
| **ਪੈਕਰ** | ਕੋਈ ਵਿਅਕਤੀ ਜੋ ਤਾਜ਼ੇ ਫਲ ਅਤੇ ਸਬਜ਼ੀਆਂ ਛਾਂਟਦਾ ਅਤੇ ਪੈਕ ਕਰਦਾ ਹੈ। |
| **ਵਿਅਕਤੀ** | ਵਿਅਕਤੀ ਕੋਈ ਇਕੱਲਾ ਵਿਅਕਤੀ ਜਾਂ ਸੰਗਠਨ ਹੋ ਸਕਦਾ ਹੈ - ਜਿਸ ਵਿੱਚ ਐਸੋਸਿਏਸ਼ਨ, ਕੰਪਨੀ ਅਤੇ ਕਾਰਪੋਰੇਸ਼ਨ ਸ਼ਾਮਲ ਹਨ; ਹੋਰ ਮਾਨਤਾ ਪ੍ਰਾਪਤ ਕਾਨੂੰਨੀ ਇਕਾਈਆਂ ਸ਼ਾਮਲ ਹਨ ਜਿਵੇਂ ਕਿ LLC, ਭਾਈਵਾਲੀ, ਆਦਿ। |
| **ਪਿਛਲੇ** 12 **ਮਹੀਨੇ** | ਉਸ ਦਿਨ ਤੋਂ ਪਿਛਲੇ 12 ਮਹੀਨੇ ਜਦੋਂ ਕੋਈ ਗਤੀਵਿਧੀ ਕੀਤੀ ਜਾਂਦੀ ਹੈ ਜਿਸਦੀ ਉਂਝ ਸੈਕਸ਼ਨ 122(2)(b) ਵਿੱਚ ਮਨਾਹੀ ਹੈ (ਮਤਲਬ ਕਿ: ਪਿਛਲੇ ਲੈਣ-ਦੇਣ ਦੀ ਮਿਤੀ) |

| **ਸਵੈ-ਮੁਲਾਂਕਣ** | **ਛੋਟ** | **DRC ਮੈਂਬਰਸ਼ਿਪ ਦੀ ਲੋੜ ਹੁੰਦੀ ਹੈ** |
|---|---|---|
| ਮੈਂ ਤਾਜ਼ੇ ਫਲ ਅਤੇ ਸਬਜ਼ੀਆਂ ਉਗਾਉਂਦਾ ਅਤੇ/ਜਾਂ ਉਗਾਉਂਦਾ ਅਤੇ ਵੇਚਦਾ ਹਾਂ ਜੋ **ਸਿਰਫ ਮੇਰੀ ਰਿਹਾਇਸ਼ ਵਾਲੇ ਸੂਬੇ ਵਿੱਚ ਉਗਾਈਆਂ ਅਤੇ ਵੇਚੀਆਂ ਜਾਂਦੀਆਂ ਹਨ।** | ❍ | |
| ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਉਗਾਉਣ ਅਤੇ ਵੇਚਣ ਦੇ ਇਲਾਵਾ, ਮੈਂ **ਆਪਣੀ ਰਿਹਾਇਸ਼ ਵਾਲੇ ਸੂਬੇ ਦੇ ਅੰਦਰ ਵੇਚਣ ਲਈ ਆਪਣੇ ਸੂਬੇ** ਦੇ ਅੰਦਰ ਦੂਜੇ ਵਿਅਕਤੀਆਂ ਤੋਂ ਤਾਜ਼ੇ ਫਲ ਅਤੇ ਸਬਜ਼ੀਆਂ ਖਰੀਦਦਾ ਹਾਂ। | ❍ | |
| ਮੈਂ ਆਪਣੇ ਉਤਪਾਦਨ ਅਤੇ/ਜਾਂ ਵਿਕ੍ਰੇਤਾ ਦੀ ਵਿਕਰੀ ਨੂੰ **ਆਪਣੇ ਕਾਰੋਬਾਰ ਦੇ ਸਥਾਨ ਵਾਲੇ ਸੂਬੇ ਨਾਲੋਂ ਕਿਸੇ ਵੱਖਰੇ ਸੂਬੇ ਵਿੱਚ ਸਥਿਤ ਹੋਰ ਕਾਸ਼ਤਕਾਰਾਂ** ਤੋਂ **ਖਰੀਦੇ** ਗਏ ਤਾਜ਼ਾ ਫਲ ਅਤੇ ਸਬਜ਼ੀਆਂ ਨਾਲ ਪੂਰਾ ਕਰਦਾ ਹਾਂ। | | ❍ |
| ਮੈਂ ਸਿਰਫ ਤਾਜ਼ਾ ਫਲ ਜਾਂ ਸਬਜ਼ੀਆਂ ਪੈਕ ਕਰਦਾ, ਸ਼ਿਪ ਕਰਦਾ ਅਤੇ ਵੇਚਦਾ ਹਾਂ ਜੋ ਮੈਂ ਇੱਕ **ਇਕਹਿਰੀ ਕਾਰੋਬਾਰੀ ਇਕਾਈ** ਦੇ ਰੂਪ ਵਿੱਚ **ਖੁਦ ਉਗਾਏ ਹਨ।** | ❍ | |
| ਮੈਂ ਤਾਜ਼ੇ ਫਲ ਜਾਂ ਸਬਜ਼ੀਆਂ ਉਗਾਉਂਦਾ ਹਾਂ ਜੋ **ਕਿਸੇ ਵੱਖਰੀ ਮਾਰਕਿਟਿੰਗ ਇਕਾਈ ਦੁਆਰਾ ਵੇਚੇ ਜਾਂਦੇ ਅਤੇ ਮਾਰਕੀਟ ਕੀਤੇ ਜਾਂਦੇ ਹਨ।** | ❍ | |
| ਮੈਂ ਅਜਿਹਾ ਵਿਅਕਤੀ ਹਾਂ ਜੋ ਆਪਣੀ ਰਿਹਾਇਸ਼ ਵਾਲੇ ਸੂਬੇ ਦੇ ਅੰਦਰ ਅਤੇ ਨਾਲ ਹੀ **ਕਿਸੇ ਹੋਰ ਸੂਬੇ ਅਤੇ/ਜਾਂ ਦੇਸ਼ ਵਿੱਚ ਤਾਜ਼ਾ ਫਲ ਜਾਂ ਸਬਜ਼ੀਆਂ** ਪੈਕ ਕਰਦਾ, ਸ਼ਿਪ ਕਰਦਾ ਅਤੇ ਵੇਚਦਾ ਹਾਂ **ਜੋ ਮੈਂ ਖੁਦ ਉਗਾਈਆਂ ਹਨ।** | ❍ | |
| ਮੈਂ ਅਜਿਹਾ ਵਿਅਕਤੀ ਹਾਂ ਜੋ **ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਸਿਰਫ ਤਾਜ਼ਾ ਫਲ ਅਤੇ ਸਬਜ਼ੀਆਂ ਖਰੀਦਦਾ, ਵੇਚਦਾ ਜਾਂ ਖਰੀਦਣ ਜਾਂ ਵੇਚਣ ਲਈ ਸੌਦੇਬਾਜ਼ੀ ਕਰਦਾ ਹਾਂ,** ਪ੍ਰਤੀ ਦਿਨ ਇੱਕ ਮੀਟ੍ਰਿਕ ਟਨ (2 205 ਪੌਂਡ) ਤੋਂ ਘੱਟ ਦੇ ਤਾਜ਼ੇ ਫਲਾਂ ਜਾਂ ਸਬਜ਼ੀਆਂ ਨੂੰ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਭੇਜਦਾ ਜਾਂ ਪਹੁੰਚਾਉਂਦਾ ਹੈ ਜਾਂ ਆਯਾਤ ਜਾਂ | ❍ | |

| | | |
|---|---|---|
| ਨਿਰਯਾਤ ਕਰਦਾ ਹਾਂ। | | |
| ਮੈਂ ਉਹ ਵਿਅਕਤੀ ਹਾਂ ਜੋ **ਉਹਨਾਂ ਤਾਜ਼ੇ ਫਲਾਂ ਜਾਂ ਸਬਜ਼ੀਆਂ ਨੂੰ ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਵੇਚਦਾ ਹਾਂ ਜਾਂ ਵੇਚਣ ਲਈ ਸੌਦੇਬਾਜ਼ੀ ਕਰਦਾ ਹਾਂ** ਜਿਨ੍ਹਾਂ ਦਾ ਇੱਕ ਸੂਬੇ ਤੋਂ ਦੂਜੇ ਸੂਬੇ ਅਤੇ/ਜਾਂ ਦੇਸ਼ ਵਿੱਚ ਨਿਰਯਾਤ ਕੀਤਾ ਜਾਣਾ ਹੈ ਜਾਂ ਭੇਜਿਆ ਜਾਂ ਪਹੁੰਚਾਇਆ ਜਾਣਾ ਹੈ। | | ❍ |
| ਮੈਂ ਉਹ ਵਿਅਕਤੀ ਹਾਂ ਕੋ **ਉਹਨਾਂ ਤਾਜ਼ੇ ਫਲਾਂ ਜਾਂ ਸਬਜ਼ੀਆਂ ਨੂੰ ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਖਰੀਦਦਾ ਹਾਂ ਜਾਂ ਖਰੀਦਣ ਲਈ ਸੌਦੇਬਾਜ਼ੀ ਕਰਦਾ ਹਾਂ** ਜਿਨ੍ਹਾਂ ਦਾ ਆਯਾਤ ਕੀਤਾ ਜਾਣਾ ਹੈ ਜਾਂ **ਇੱਕ ਸੂਬੇ ਤੋਂ ਦੂਜੇ ਸੂਬੇ ਅਤੇ/ਜਾਂ ਦੇਸ਼ ਵਿੱਚ** ਭੇਜਿਆ ਜਾਂ ਪਹੁੰਚਾਇਆ ਜਾਣਾ ਹੈ। | | ❍ |
| ਮੈਂ ਕਿਸੇ ਵੀ ਅਜਿਹੇ ਤਾਜ਼ੇ ਫਲ ਜਾਂ ਸਬਜ਼ੀ ਨੂੰ **ਪ੍ਰਾਪਤ ਕਰਦਾ ਜਾਂ ਹੋਰ ਵਿਅਕਤੀ ਦੀ ਤਰਫ਼ੋਂ ਪ੍ਰਾਪਤ ਕਰਦਾ** ਹਾਂ ਜਿਸ ਦਾ ਨਿਰਯਾਤ ਕੀਤਾ ਗਿਆ ਹੈ ਜਾਂ **ਇੱਕ ਸੂਬੇ ਤੋਂ ਦੂਜੇ ਸੂਬੇ ਜਾਂ ਦੇਸ਼ ਵਿੱਚ** ਭੇਜਿਆ ਜਾਂ ਪਹੁੰਚਾਇਆ ਗਿਆ ਹੈ। | | ❍ |
| ਮੈਂ ਕਿਸੇ ਵੀ ਤਾਜ਼ੇ ਫਲਾਂ ਜਾਂ ਸਬਜ਼ੀਆਂ ਨੂੰ **ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਭੇਜਦਾ ਜਾਂ ਪਹੁੰਚਾਉਂਦਾ ਜਾਂ ਆਯਾਤ ਜਾਂ ਨਿਰਯਾਤ ਕਰਦਾ** ਹਾਂ ਜੋ ਇਸ ਇਕਾਈ ਨੇ ਖੁਦ ਨਹੀਂ ਉਗਾਏ ਹਨ। | | ❍ |

| **ਪ੍ਰਸ਼ਨ ਅਤੇ ਉੱਤਰ: ਕਾਸ਼ਤਕਾਰ** | |
|---|---|
| ਮੇਰਾ ਫਾਰਮ/ਉਤਪਾਦਨ ਇਕਾਈ ਮੇਰੀ ਮਾਰਕਿਟਿੰਗ ਇਕਾਈ ਤੋਂ ਇੱਕ ਵੱਖਰੀ ਕਾਨੂੰਨੀ ਇਕਾਈ ਹੈ। ਮੇਰੇ ਫਾਰਮ ਦਾ ਉਤਪਾਦਨ ਮਾਰਕਿਟਿੰਗ ਇਕਾਈ ਨੂੰ ਵੇਚਿਆ ਜਾਂਦਾ ਹੈ। ਸਾਰੀਆਂ ਵਿਕਰੀਆਂ ਸੂਬੇ ਦੇ ਅੰਦਰ ਹੀ ਕੀਤੀਆਂ ਜਾਂਦੀਆਂ ਹਨ। | ਕਿਸੇ ਵੀ ਇਕਾਈ ਦੇ ਦੁਆਰਾ DRC ਮੈਂਬਰਸ਼ਿਪ ਦੀ ਲੋੜ ਨਹੀਂ ਹੁੰਦੀ। |
| ਮੇਰਾ ਫਾਰਮ/ਉਤਪਾਦਨ ਇਕਾਈ ਮੇਰੀ ਮਾਰਕਿਟਿੰਗ ਇਕਾਈ ਤੋਂ ਇੱਕ ਵੱਖਰੀ ਕਾਨੂੰਨੀ ਇਕਾਈ ਹੈ। ਮੇਰੇ ਫਾਰਮ ਦਾ ਉਤਪਾਦਨ ਮਾਰਕਿਟਿੰਗ ਇਕਾਈ ਨੂੰ ਵੇਚਿਆ ਜਾਂਦਾ ਵਿਕਰੀ ਸੂਬੇ ਦੇ ਅੰਦਰ ਅਤੇ ਨਾਲ ਹੀ ਦੂਜੇ ਸੂਬਿਆਂ ਤੌਰ 'ਤੇ ਕੀਤੀ ਜਾਂਦੀ ਹੈ। ਮਾਰਕਿਟਿੰਗ ਇਕਾਈ ਦੂਜੇ ਕਿਸਾਨਾਂ ਤੋਂ ਉਤਪਾਦ ਨਹੀਂ ਖਰੀਦਦੀ ਹੈ। | ਕਿਸੇ ਵੀ ਇਕਾਈ ਦੇ ਦੁਆਰਾ DRC ਮੈਂਬਰਸ਼ਿਪ ਦੀ ਲੋੜ ਹੁੰਦੀ ਹੈ। |
| **ਪ੍ਰਸ਼ਨ ਅਤੇ ਉੱਤਰ: ਕਾਸ਼ਤਕਾਰ/ਸ਼ਿਪਰ** | |
| ਮੇਰਾ ਫਾਰਮ/ਉਤਪਾਦਨ ਇਕਾਈ ਮੇਰੀ ਮਾਰਕਿਟਿੰਗ ਇਕਾਈ ਤੋਂ ਇੱਕ ਵੱਖਰੀ ਕਾਨੂੰਨੀ ਇਕਾਈ ਹੈ। ਫਾਰਮ ਦਾ ਉਤਪਾਦਨ ਮਾਰਕਿਟਿੰਗ ਇਕਾਈ ਨੂੰ ਵੇਚਿਆ ਜਾਂਦਾ ਹੈ। ਮਾਰਕਿਟਿੰਗ ਇਕਾਈ ਮੇਰੇ ਕਾਰੋਬਾਰ ਵਾਲੇ ਸੂਬੇ ਦੇ ਅੰਦਰ ਦੂਜੇ ਫਾਰਮਾਂ ਤੋਂ ਵੀ ਉਤਪਾਦ ਖਰੀਦਦੀ ਹੈ। ਸਾਰੀਆਂ ਵਿਕਰੀਆਂ ਸੂਬੇ ਦੇ ਅੰਦਰ ਹੀ ਹਨ। | ਕਿਸੇ ਵੀ ਇਕਾਈ ਦੇ ਦੁਆਰਾ DRC ਮੈਂਬਰਸ਼ਿਪ ਦੀ ਲੋੜ ਨਹੀਂ ਹੁੰਦੀ। |
| ਮੇਰਾ ਫਾਰਮ/ਉਤਪਾਦਨ ਇਕਾਈ ਮੇਰੀ ਮਾਰਕਿਟਿੰਗ ਇਕਾਈ ਤੋਂ ਇੱਕ ਵੱਖਰੀ ਕਾਨੂੰਨੀ ਇਕਾਈ ਹੈ। ਫਾਰਮ ਦਾ ਉਤਪਾਦਨ ਮਾਰਕਿਟਿੰਗ ਇਕਾਈ ਨੂੰ ਵੇਚਿਆ ਜਾਂਦਾ ਹੈ।<br><br>ਮਾਰਕਿਟਿੰਗ ਇਕਾਈ ਦੂਜੇ ਫਾਰਮਾਂ ਤੋਂ ਵੀ ਉਤਪਾਦ ਖਰੀਦਦੀ ਹੈ। ਵਿਕਰੀ ਸੂਬੇ ਦੇ ਅੰਦਰ ਅਤੇ ਨਾਲ ਹੀ ਕਿਸੇ ਹੋਰ ਸੂਬੇ ਅਤੇ/ਜਾਂ ਦੇਸ਼ ਵਿੱਚ ਕੀਤੀ ਜਾਂਦੀ ਹੈ। | ਫਾਰਮ ਇਕਾਈ ਨੂੰ DRC ਮੈਂਬਰਸ਼ਿਪ ਦੀ ਲੋੜ ਨਹੀਂ ਹੈ।<br><br>ਮਾਰਕਿਟਿੰਗ ਇਕਾਈ ਨੂੰ DRC ਮੈਂਬਰਸ਼ਿਪ ਦੀ ਲੋੜ ਹੈ। |
| **ਪ੍ਰਸ਼ਨ ਅਤੇ ਉੱਤਰ: ਸ਼ਿਪਰ** | |
| ਮੈਂ ਆਪਣੇ ਖੁਦ ਦੇ ਸੂਬੇ ਵਿੱਚ ਤਾਜ਼ੇ ਫਲ ਅਤੇ ਸਬਜ਼ੀਆਂ ਖਰੀਦਦਾ, ਵੇਚਦਾ, ਪੈਕ ਕਰਦਾ ਅਤੇ ਜਾਂ ਸ਼ਿਪ ਕਰਦਾ ਹਾਂ। | ਕਿਸੇ ਵੀ ਇਕਾਈ ਦੇ ਦੁਆਰਾ DRC ਮੈਂਬਰਸ਼ਿਪ ਦੀ ਲੋੜ ਨਹੀਂ ਹੁੰਦੀ। |
| ਮੈਂ ਆਪਣੇ ਖੁਦ ਦੇ ਸੂਬੇ ਵਿੱਚ ਅਤੇ ਨਾਲ ਹੀ ਕਿਸੇ ਹੋਰ ਸੂਬੇ ਅਤੇ/ਜਾਂ ਦੇਸ਼ ਵਿੱਚ ਤਾਜ਼ੇ ਫਲ ਅਤੇ ਸਬਜ਼ੀਆਂ ਖਰੀਦਦਾ, ਵੇਚਦਾ, ਪੈਕ ਕਰਦਾ ਅਤੇ ਜਾਂ ਸ਼ਿਪ ਕਰਦਾ ਹਾਂ। | DRC ਮੈਂਬਰਸ਼ਿਪ ਦੀ ਲੋੜ ਹੈ। |
| **ਪ੍ਰਸ਼ਨ ਅਤੇ ਉੱਤਰ: ਪੈਕਰ/ਸ਼ਿਪਰ** | |
| ਮੈਂ ਕਸਟਮ ਪੈਕਰ ਜਾਂ ਕੇਂਦਰੀ ਪੈਕਿੰਗ ਸਹੂਲਤਾ ਹਾਂ ਜੋ ਤਾਜ਼ਾ ਫਲ ਅਤੇ ਸਬਜ਼ੀਆਂ ਦਾ ਕਾਨੂੰਨੀ ਅਧਿਕਾਰ ਨਹੀਂ ਲੈਂਦੀ। | DRC ਮੈਂਬਰਸ਼ਿਪ ਦੀ ਲੋੜ ਨਹੀਂ ਹੈ। |
| ਮੈਂ ਕਸਟਮ ਪੈਕਰ ਜਾਂ ਕੇਂਦਰੀ ਪੈਕਿੰਗ ਸਹੂਲਤਾ ਹਾਂ ਜੋ ਮੇਰੇ ਸੂਬੇ ਤੋਂ ਤਾਜ਼ਾ ਫਲ ਅਤੇ ਸਬਜ਼ੀਆਂ ਦਾ ਕਾਨੂੰਨੀ ਅਧਿਕਾਰ ਲੈਂਦੀ ਹੈ ਅਤੇ ਉਹਨਾਂ ਨੂੰ ਕਾਰੋਬਾਰ ਦੇ ਸਥਾਨ ਵਾਲੇ ਸੂਬੇ ਦੇ ਅੰਦਰ ਵੇਚਦੀ ਹੈ। | DRC ਮੈਂਬਰਸ਼ਿਪ ਦੀ ਲੋੜ ਨਹੀਂ ਹੈ। |

| | |
|---|---|
| ਮੈਂ ਕਸਟਮ ਪੈਕਰ ਜਾਂ ਕੇਂਦਰੀ ਪੈਕਿੰਗ ਸਹੂਲਤਾ ਹਾਂ ਜੋ ਤਾਜ਼ਾ ਫਲ ਅਤੇ ਸਬਜ਼ੀਆਂ ਦਾ ਕਾਨੂੰਨੀ ਅਧਿਕਾਰ ਲੈਂਦੀ ਹੈ ਅਤੇ ਉਹਨਾਂ ਨੂੰ ਕਾਰੋਬਾਰ ਦੇ ਸਥਾਨ ਵਾਲੇ ਸੂਬੇ ਦੇ ਅੰਦਰ ਅਤੇ ਬਾਹਰ ਵੇਚਦੀ ਹੈ। | DRC ਮੈਂਬਰਸ਼ਿਪ ਦੀ ਲੋੜ ਹੈ। |
| ਮੈਂ ਕਸਟਮ ਪੈਕਰ ਜਾਂ ਕੇਂਦਰੀ ਪੈਕਿੰਗ ਸਹੂਲਤਾ ਹਾਂ ਜੋ ਕਾਰੋਬਾਰ ਦੇ ਸਥਾਨ ਵਾਲੇ ਸੂਬੇ ਦੇ ਅੰਦਰ ਅਤੇ ਬਾਹਰ ਤੋਂ ਖਰੀਦੀਆਂ ਤਾਜ਼ਾ ਫਲ ਅਤੇ ਸਬਜ਼ੀਆਂ ਦਾ ਕਾਨੂੰਨੀ ਅਧਿਕਾਰ ਲੈਂਦੀ ਹੈ। | DRC ਮੈਂਬਰਸ਼ਿਪ ਦੀ ਲੋੜ ਹੈ। |

## ਹੋਰ ਜਾਣਕਾਰੀ ਚਾਹੀਦੀ ਹੈ?


**DRC ਹੈਲਪ ਡੈਸਕ**

(+1) 613 234 0982

info@fvdrc.com

(+1) 613 234 8036

fvdrc.com

Building 75, Central Experimental Farm
960 Carling Avenue, Ottawa, ON  K1A 0C6


**ਭੋਜਨ ਦੀ ਸੁਰੱਖਿਆ ਅਤੇ ਪਤਾ ਲਗਾਉਣ ਦੀ ਯੋਗਤਾ (ਟ੍ਰੇਸੇਬਿਲਿਟੀ) ਨਾਲ ਸੰਬੰਧਿਤ ਪ੍ਰਸ਼ਨ ਇਹਨਾਂ ਕੋਲ ਭੇਜੇ ਜਾਣੇ ਚਾਹੀਦੇ ਹਨ:**

**CFIA** www.inspection.gc.ca

- *ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਬਾਰੇ ਕਾਨੂੰਨ* (Safe Food for Canadians Act)
- *ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ (Safe Food for Canadians Regulations)*

**CanadaGAP®** info@canadagap.ca

- ਭੋਜਨ ਸੁਰੱਖਿਆ ਪ੍ਰੋਗਰਾਮ (Food Safety Program)

(+1) 613 829 4711

www.canadagap.ca


Canada

Growing Forward 2 | Cultivons l'avenir 2

This project has been funded through the Assurance Systems stream of the AgriMarketing program under Growing Forward 2, a federal-provincial-territorial initiative.

Ce projet est financé sous le volet Systèmes d'assurance du programme Agri-marketing de Cultivons l'avenir 2, une initiative fédérale-provinciale-territoriale.